ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਨਾਟਕ ਪੂਰਾ ਹੁੰਦਾ ਹੈ, ਘਰ ਚਲਣਾ ਹੈ ਇਸਲਈ ਇਸ ਸ਼ਰੀਰ ਰੂਪੀ ਕਪੜੇ ਨੂੰ ਭੁੱਲਦੇ ਜਾਵੋ, ਆਪਣੇ ਨੂੰ ਅਸ਼ਰੀਰੀ ਆਤਮਾ ਸਮਝੋ"

ਪ੍ਰਸ਼ਨ:- ਕਿਹੜਾ ਵੰਡਰਫੁੱਲ ਖੇਲ ਸੰਗਮ ਤੇ ਹੀ ਚਲਦਾ ਹੈ, ਦੂਸਰੇ ਯੁੱਗਾਂ ਵਿੱਚ ਨਹੀਂ?

ਉੱਤਰ:- ਫ਼ਾਰਗਤੀ ਦਵਾਉਣ ਦਾ। ਰਾਮ, ਰਾਵਣ ਤੋਂ ਫ਼ਾਰਗਤੀ ਦਵਾਉਂਦੇ ਹਨ। ਰਾਵਣ ਫਿਰ ਰਾਮ ਤੋਂ ਫ਼ਾਰਗਤੀ ਦਿਲਵਾ ਦਿੰਦੇ। ਇਹ ਬਹੁਤ ਵੰਡਰਫੁਲ ਖੇਲ ਹੈ। ਬਾਪ ਨੂੰ ਭੁੱਲਣ ਨਾਲ ਮਾਇਆ ਦਾ ਗੋਲਾ ਲੱਗ ਜਾਂਦਾ ਹੈ ਇਸਲਈ ਬਾਪ ਸਿੱਖਿਆ ਦਿੰਦੇ ਹਨ - ਬੱਚੇ, ਆਪਣੇ ਸਵਧਰਮ ਵਿੱਚ ਟਿਕੋ, ਦੇਹ ਸਹਿਤ ਦੇਹ ਦੇ ਸਭ ਧਰਮਾਂ ਨੂੰ ਭੁੱਲਦੇ ਜਾਵੋ। ਯਾਦ ਕਰਨ ਦਾ ਖੂਬ ਪੁਰਸ਼ਾਰਥ ਕਰਦੇ ਰਹੋ। ਦੇਹੀ - ਅਭਿਮਾਨੀ ਬਣੋ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੇ ਨੰਬਰਵਾਰ ਪੁਰਸ਼ਾਰਥ ਅਨੁਸਾਰ ਗੀਤ ਸੁਣਿਆ। ਹਰੇਕ ਗੱਲ ਵਿੱਚ ਨੰਬਰਵਾਰ ਕਿਹਾ ਜਾਂਦਾ ਹੈ ਕਿਉਂਕਿ ਇਹ ਕਾਲੇਜ ਹੈ ਜਾਂ ਯੂਨੀਵਰਸਟੀ ਕਹੋ, ਨਾਲ - ਨਾਲ ਸੱਚਾ ਸਤ ਦਾ ਸੰਗ ਵੀ ਹੈ। ਸਤ ਕਿਹਾ ਜਾਂਦਾ ਹੈ ਇੱਕ ਨੂੰ। ਉਹ ਇੱਕ ਹੀ ਵਾਰ ਆਉਂਦੇ ਹਨ। ਹੁਣ ਇਸ ਵੇਲੇ ਤੁਸੀਂ ਸੱਚ - ਸੱਚ ਕਹਿੰਦੇ ਹੋ ਕਿ ਅਸੀਂ ਸਤ ਦੇ ਸੰਗ ਵਿੱਚ ਹਾਂ। ਤੁਸੀਂ ਬ੍ਰਾਹਮਣ ਹੀ ਉਸ ਸਤ ਕਹਿਣ ਵਾਲੇ ਸਾਗਰ ਦੇ ਸਨਮੁੱਖ ਬੈਠੇ ਹੋ। ਗਾਇਆ ਵੀ ਜਾਂਦਾ ਹੈ ਜੋ ਪੀਯਾ ਦੇ ਨਾਲ ਹੈ ਉਸ ਦੇ ਲਈ ਗਿਆਨ ਕੀ ਬਰਸਾਤ ਹੈ। ਪੀਯਾ, ਪਿਤਾ ਨੂੰ ਕਿਹਾ ਜਾਂਦਾ ਹੈ। ਤੁਸੀਂ ਬੱਚਿਆਂ ਦੇ ਸਨਮੁੱਖ ਪੀਯਾ ਦੀ ਗਿਆਨ ਬਰਸਾਤ ਹੈ। ਤੁਸੀਂ ਬੱਚੇ ਜਾਣਦੇ ਹੋ ਬਰੋਬਰ ਗਿਆਨ ਸਾਗਰ, ਪਤਿਤ - ਪਾਵਨ ਹੁਣ ਸਾਡੇ ਸਾਮ੍ਹਣੇ ਹੈ। ਅਸੀਂ ਪਤਿਤ ਤੋਂ ਪਾਵਨ ਜਾਂ ਕੰਡੇ ਤੋਂ ਫੁੱਲ ਬਣ ਰਹੇ ਹਾਂ। ਫੁੱਲ ਬਣ ਜਾਵਾਂਗੇ ਫਿਰ ਇਹ ਸ਼ਰੀਰ ਨਹੀਂ ਰਹੇਗਾ। ਕਲੀ ਵੀ ਹੌਲੀ - ਹੌਲੀ ਖਿੜਦੀ ਜਾਂਦੀ ਹੈ। ਫਟ ਨਾਲ ਖਿੜ ਨਹੀਂ ਜਾਂਦੀ। ਖਿੜਦੇ - ਖਿੜਦੇ ਫਿਰ ਕੰਮਪਲੀਟ ਫੁੱਲ ਬਣ ਜਾਂਦੀ ਹੈ। ਹਾਲੇ ਕੋਈ ਵੀ ਕੰਮਲੀਟ ਫੁੱਲ ਨਹੀਂ ਬਣੇ ਹਨ। ਉਹ ਤਾਂ ਕਰਮਾਤੀਤ ਅਵਸਥਾ ਹੋ ਜਾਂਦੀ ਹੈ। ਦੇਹੀ - ਅਭਿਮਾਨੀ ਤਾਂ ਅੰਤ ਵਿਚ ਹੀ ਬਣਨਾ ਹੈ। ਹੁਣ ਤੁਸੀਂ ਸਭ ਦਾ ਪੁਰਸ਼ਾਰਥ ਚਲ ਰਿਹਾ ਹੈ। ਬਾਪ ਹੈ ਪਾਰਲੌਕਿਕ ਪਿਤਾ। ਇਹ ਦੋਵੇਂ ਸੰਗਮਯੁੱਗ ਦੇ ਅਲੌਕਿਕ - ਪਿਤਾ ਠਹਿਰੇ। ਕੋਈ ਕੰਡੇ ਵੀ ਹਨ, ਕੋਈ ਕਲੀ ਵੀ ਹੈ। ਕਲੀ ਨੂੰ ਖਿੜਨ ਵਿੱਚ ਸਮਾਂ ਲਗਦਾ ਹੈ। ਤੁਸੀਂ ਸਭ ਨੰਬਰਵਾਰ ਕਲੀਆਂ ਹੋ, ਫੁੱਲ ਬਣਨ ਵਾਲੇ ਹੋ। ਕੋਈ ਚੰਗੀਂ ਤਰ੍ਹਾਂ ਖਿੜੇ ਹਨ, ਕੋਈ ਅੱਧਾ। ਇੱਕ ਦਿਨ ਕੰਮਲੀਟ ਵੀ ਜਰੂਰ ਖਿੜਨਗੇ। ਬਗੀਚਾ ਤੇ ਹੈ ਨਾ। ਜਾਣਦੇ ਹੋ ਅਸੀਂ ਕੰਡੇ ਤੋਂ ਕਲੀ ਤਾਂ ਬਣੇ ਹਾਂ ਫਿਰ ਫੁੱਲ ਬਣ ਰਹੇ ਹਾਂ, ਪੁਰਸ਼ਾਰਥ ਕਰ ਰਹੇ ਹਾਂ। ਕੋਈ ਤਾਂ ਕਲੀ ਹੀ ਖਤਮ ਹੋ ਜਾਂਦੀ ਹੈ। ਕੋਈ ਥੋੜ੍ਹਾ ਖਿੜ ਕੇ ਖਤਮ ਹੋ ਜਾਂਦੇ ਹਨ। ਮਾਇਆ ਦੇ ਬੜੇ ਭਾਰੀ ਤੂਫ਼ਾਨ ਆਉਂਦੇ ਹਨ। ਸੈਂਟਰਜ਼ ਖੋਲਦੇ ਵੀ ਕੋਈ - ਕੋਈ ਖਤਮ ਹੋ ਜਾਂਦੇ ਹਨ, ਡਿੱਗ ਜਾਂਦੇ ਹਨ। ਮਾਇਆ ਬੜੀ ਜ਼ਬਰਦਸਤ ਹੈ। ਇਹ ਹੈ ਚਟਾਬੇਟੀ - ਰਾਮ ਅਤੇ ਰਾਵਣ ਦੀ। ਰਾਮ - ਰਾਮ ਕਿਹਾ ਜਾਂਦਾ ਹੈ। ਇਵੇਂ ਨਹੀਂ ਤ੍ਰੇਤਾ ਵਾਲੇ ਰਾਮ ਨੂੰ ਯਾਦ ਕਰਦੇ ਹਨ। ਇਹ ਰਾਮ - ਰਾਮ ਪਰਮਾਤਮਾ ਦੇ ਲਈ ਕਹਿੰਦੇ ਹਨ। ਰਾਵਣ ਨਾਲ ਰਾਮ ਦੀ ਭੇਂਟ ਹੁੰਦੀ ਹੈ। ਰਾਮ ਹੈ ਬਾਪ, ਰਾਵਣ ਹੈ ਦੁਸ਼ਮਣ ਮਾਇਆ। ਮਾਇਆ ਵੀ ਜ਼ਬਰਦਸਤ ਹੈ। ਇਹ ਖੇਲ ਹੈ ਇੱਕ - ਦੋ ਨੂੰ ਫਾਰਕਤੀ ਦਵਾਉਣਾ। ਰਾਮ ਤੁਹਾਨੂੰ ਮਾਇਆ ਰਾਵਣ ਤੋਂ ਤਿਆਗ ਦਵਾ ਰਹੇ ਹਨ। ਮਾਇਆ ਫਿਰ ਤੁਹਾਨੂੰ ਬਾਪ ਰਾਮ ਤੋਂ ਤਿਆਗ ਦਵਾਉਂਦੀ ਹੈ। ਬਾਪ ਕਹਿੰਦੇ ਹਨ ਦੇਹ ਸਹਿਤ ਜੋ ਵੀ ਸੰਬੰਧੀ ਆਦਿ ਦੇਹ ਦੇ ਹਨ, ਸਭ ਦਾ ਬੁੱਧੀ ਤੋਂ ਤਿਆਗ ਕਰੋ। ਸਰਵ ਧਰਮਾਂਨੀ… ਮੈਂ ਫਲਾਣਾ ਹਾਂ, ਫਲਾਣੇ ਧਰਮ ਦਾ ਹਾਂ - ਇਹ ਭੁੱਲ ਆਪਣੇ ਸਵਧਰਮ ਵਿੱਚ ਟੀਕੋ। ਦੇਹ ਦੇ ਸਭ ਧਰਮ ਛੱਡ ਆਪਣੇ ਨੂੰ ਇੱਕਲਾ ਸਮਝੋ। ਇਸ ਦੁਨੀਆ ਦੀ ਹਰ ਇੱਕ ਚੀਜ ਨਾਲ ਤਿਆਗ ਦਵਾਉਂਦੇ ਹਨ। ਅਸ਼ਰੀਰੀ ਬਣ ਜਾਵੋ। ਮੇਰਾ ਬਣਕੇ ਅਤੇ ਮੈਨੂੰ ਯਾਦ ਕਰੋ। ਬਾਪ ਨੂੰ ਭੁੱਲੇ ਤਾਂ ਮਾਇਆ ਦਾ ਗੋਲਾ ਲੱਗ ਜਾਵੇਗਾ। ਬਾਪ ਨੂੰ ਯਾਦ ਕਰਨ ਦਾ ਖੂਬ ਪੁਰਸ਼ਾਰਥ ਕਰਦੇ ਰਹੋ। ਮਾਇਆ ਵੀ ਬੜੀ ਜ਼ਬਰਦਸਤ ਹੈ। ਬਾਪ ਦਾ ਬਣਕੇ ਵੀ ਫਿਰ ਮਾਇਆ ਤਿਆਗ ਦਵਾ ਕੇ ਬਾਪ ਤੋਂ ਛੁਡਾ ਦੀ ਦਿੰਦੀ ਹੈ। ਬਾਪ ਨੂੰ ਸ਼ਲ ਕੋਈ ਫ਼ਾਰਗਤੀ ਨਾ ਦੇਵੇ। ਅਧਕਲਪ ਤੁਸੀਂ ਮੈਨੂੰ ਯਾਦ ਕਰਦੇ ਆਏ ਹੋ। ਤੁਸੀਂ ਹੀ ਸੰਪੂਰਨ ਭਗਤ ਹੋ ਨਾ। ਭਗਤੀ ਵੀ ਤੁਸੀਂ ਹੀ ਸ਼ੁਰੂ ਕੀਤੀ ਹੈ। ਤਾਂ ਬਾਪ ਆਕੇ ਮਾਇਆ ਤੋਂ ਤਿਆਗ ਦਵਾਉਂਦੇ ਹਨ, ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਇਸ ਕਪੜੇ ਨੂੰ ( ਦੇਹ ਨੂੰ ) ਭੁੱਲਦੇ ਜਾਵੋ। ਬਸ, ਹੁਣ ਸਾਨੂੰ ਜਾਣਾ ਹੈ। ਉਸ ਨਾਟਕ ਵਿਚ ਵੀ ਐਕਟਰਸ ਹੁੰਦੇ ਹਨ। ਉਨ੍ਹਾਂ ਨੂੰ ਵੀ ਪਤਾ ਰਹਿੰਦਾ ਹੈ - ਬਸ, ਹੁਣ 5-10 ਮਿੰਟ ਬਾਅਦ ਸਾਡਾ ਖੇਲ ਪੂਰਾ ਹੋਣ ਦਾ ਸਮੇਂ ਆਇਆ ਹੈ, ਫਿਰ ਅਸੀ ਘਰ ਚਲੇ ਜਾਵਾਂਗੇ। ਖੇਲ ਪੂਰਾ ਹੋਣ ਦੇ ਸਮੇਂ ਇਹ ਬੁੱਧੀ ਵਿੱਚ ਰਹਿੰਦਾ ਹੈ, ਸ਼ੁਰੂ ਵਿਚ ਨਹੀਂ। ਤੁਸੀਂ ਵੀ ਸਮਝਦੇ ਹੋ ਸਾਡੇ 84 ਜਨਮ ਪੂਰੇ ਹੋਏ। ਬਾਕੀ ਕਿੰਨਾਂ ਸਮੇਂ ਹੋਵੇਗਾ? ਤੁਸੀਂ ਕਹੋਗੇ ਅਸੀਂ ਕਦੋਂ ਸਵਰਗ ਜਾਂ ਸੁਖਧਾਮ ਵਿੱਚ ਜਾਵਾਂਗੇ? ਪ੍ਰੰਤੂ ਬਾਪ ਕਹਿੰਦੇ ਹਨ ਇਸ ਲਾਈਫ ਨੂੰ ਤੇ ਵੇਲੂਏਬਲ, ਅਮੁੱਲ ਕਿਹਾ ਜਾਂਦਾ ਹੈ। ਤੁਸੀਂ ਬੜੀ ਭਾਰੀ ਸਰਵਿਸ ਕਰਦੇ ਹੋ ਸ਼੍ਰੀਮਤ ਤੇ। ਸਿਰਫ ਤੁਸੀਂ ਪਾਂਡਵ ਹੀ ਸ਼੍ਰੀਮਤ ਤੇ ਚਲਦੇ ਹੋ। ਗੀਤਾ ਆਦਿ ਵਿੱਚ ਇਹ ਗੱਲਾਂ ਨਹੀਂ ਹਨ। ਇਹ ਬਾਬਾ ਬਹੁਤ ਹੀ ਸ਼ਾਸ਼ਤਰ ਆਦਿ ਪੜ੍ਹਿਆ ਹੋਇਆ ਹੈ। ਜੋ ਵੀ ਸਭ ਐਕਟ੍ਰਸ ਦੀ ਐਕਟੀਵਿਟੀ ਹੈ, ਉਨ੍ਹਾਂ ਸਭ ਨੂੰ ਤੁਸੀਂ ਜਾਣਦੇ ਹੋ। ਸ਼ਾਸਤਰ ਤੇ ਬਾਅਦ ਵਿੱਚ ਬੈਠ ਬਣਾਉਂਦੇ ਹਨ। ਉਹ ਕੀ ਜਾਨਣ? ਇਹ ਵੀ ਡਰਾਮੇ ਵਿੱਚ ਖੇਲ ਬਣਿਆ ਹੋਇਆ ਹੈ। ਗੀਤਾ - ਭਾਗਵਤ ਆਦਿ ਸਭ ਆਪਣੇ - ਆਪਣੇ ਸਮੇਂ ਤੇ ਰਪੀਟ ਹੋਣਗੇ। ਗੀਤਾ ਹੈ ਮਾਈ ਬਾਪ। ਗੀਤਾ ਨੂੰ ਮਾਤਾ ਕਿਹਾ ਜਾਂਦਾ ਹੈ। ਹੋਰ ਕਿਸੇ ਪੁਸਤਕ ਨੂੰ ਮਾਤਾ

ਨਹੀਂ ਕਹਾਂਗੇ। ਇਸ ਦਾ ਨਾਮ ਹੀ ਹੈ ਗੀਤਾ ਮਾਤਾ। ਅੱਛਾ, ਉਸਨੂੰ ਕਿਸਨੇ ਰਚਿਆ? ਪਹਿਲੇ - ਪਹਿਲੇ ਪੁਰਸ਼ ਇਸਤਰੀ ਨੂੰ ਅਡੋਪਟ ਕਰਦੇ ਹਨ ਨਾ। ਮਨੁੱਖ ਸ਼ਾਦੀ ਕਰਦੇ ਹਨ ਤਾਂ ਮੂੰਹ ਤੋਂ ਕਹਿੰਦੇ ਹਨ ਇਹ ਮੇਰੀ ਇਸਤਰੀ ਹੈ। ਤਾਂ ਰਚਤਾ ਹੋਏ ਨਾ। ਫਿਰ ਉਨ੍ਹਾਂ ਤੋਂ ਬੱਚੇ ਹੁੰਦੇ ਹਨ ਤਾਂ ਵੀ ਕਹਿਣਗੇ ਇਹ ਸਾਡੇ ਹਨ। ਬੱਚੇ ਵੀ ਕਹਿਣਗੇ ਇਹ ਸਾਡਾ ਬਾਪ ਹੈ। ਤੁਸੀਂ ਵੀ ਬਾਬਾ ਦੀ ਮੁੱਖ ਵੰਸ਼ਾਵਲੀ ਹੋ। ਕਹਿੰਦੇ ਹੋ - ਬਾਬਾ, ਅਸੀਂ ਤੁਹਾਡੇ ਹਾਂ। ਇਤਨਾ ਸਮੇਂ ਅਸੀਂ ਮਾਇਆ ਦੀ ਮਤ ਤੇ ਚਲਦੇ ਆਏ, ਹੁਣ ਤੁਹਾਡੀ ਮਤ ਤੇ ਚੱਲਾਂਗੇ। ਮਾਇਆ ਕੋਈ ਮੂੰਹ ਨਾਲ ਮਤ ਨਹੀਂ ਦਿੰਦੀ ਹੈ। ਐਕਟ ਅਜਿਹੀ ਕਰਦੇ ਹਨ, ਇੱਥੇ ਤਾਂ ਬਾਪ ਮੂੰਹ ਨਾਲ ਬੈਠ ਸਮਝਾਉਂਦੇ ਹਨ।

ਤੁਸੀਂ ਸਭ ਭਾਰਤਵਾਸੀ ਹੋ। ਜਾਣਦੇ ਹੋ ਕਿ ਭਾਰਤ ਹੀ ਸਿਰਤਾਜ ਸੀ। ਹੁਣ ਦੋਵੇਂ ਤਾਜ ਨਹੀਂ ਹਨ। ਨਾ ਹੌਲੀ, ਨਾ ਅਨਹੌਲੀ। ਗਾਇਆ ਜਾਂਦਾ ਹੈ ਹਰ ਹੌਲੀਨੇਸ, ਹਿਜ ਹੌਲੀਨੇਸ। ਇਸਤਰੀ - ਪੁਰਸ਼ ਦੋਵਾਂ ਨੂੰ ਕਹਿੰਦੇ ਹਨ। ਸੰਨਿਆਸੀਆਂ ਨੂੰ ਹਿਜ਼ ਹੌਲੀਨੇਸ ਕਹਿੰਦੇ ਹਨ। ਪ੍ਰੰਤੂ ਪ੍ਰਵ੍ਰਤੀ ਮਾਰਗ ਹੈ ਨਹੀਂ। ਪ੍ਰਵ੍ਰਤੀ ਮਾਰਗ ਵਿੱਚ ਤਾਂ ਇਸਤਰੀ - ਪੁਰਸ਼ ਦੋਵੇਂ ਪਵਿੱਤ੍ਰ ਰਹਿੰਦੇ ਹਨ। ਸੋ ਤਾਂ ਸਤਿਯੁਗ ਵਿੱਚ ਦੋਵੇਂ ਪਵਿੱਤ੍ਰ ਹੁੰਦੇ ਹੀ ਹਨ, ਜਿਸ ਨੂੰ ਕੰਪਲੀਟ ਪਵਿੱਤ੍ਰ ਕਿਹਾ ਜਾਂਦਾ ਹੈ। ਆਤਮਾ ਅਤੇ ਸ਼ਰੀਰ ਦੋਵੇਂ ਪਵਿੱਤ੍ਰ ਰਹਿੰਦੇ ਹਨ। ਇੱਥੇ ਪਤਿਤ ਦੁਨੀਆ ਵਿਚ ਦੋਵੇਂ ਪਵਿੱਤ੍ਰ ਤੇ ਹੋ ਨਹੀਂ ਸਕਦੇ। ਤਾਂ ਹੁਣ ਤੁਸੀ ਬਾਪ ਦੇ ਸਨਮੁੱਖ ਸੁਣ ਰਹੇ ਹੋ, ਜਿਸ ਨੂੰ ਗਿਆਨ ਬਰਸਾਤ ਕਿਹਾ ਜਾਂਦਾ ਹੈ। ਉਹ ਹੈ ਵਿਸ਼ ਦੀ ਬਰਸਾਤ, ਇਹ ਹੈ ਗਿਆਨ ਅੰਮ੍ਰਿਤ ਦੀ ਬਰਸਾਤ। ਗਾਉਂਦੇ ਹਨ ਨਾ - ਅੰਮ੍ਰਿਤ ਛੱਡ ਵਿਸ਼ ਕਾਹੇ ਕੋ ਖਾਏ। ਤੁਹਾਨੂੰ ਹੁਣ ਗਿਆਨ ਅੰਮ੍ਰਿਤ ਮਿਲ ਰਿਹਾ ਹੈ। ਭਗਤੀ ਮਾਰਗ ਵਿੱਚ ਤੇ ਇਵੇਂ ਹੀ ਸਿਰਫ ਗਾਉਂਦੇ ਰਹਿੰਦੇ ਹਨ। ਹੁਣ ਤੁਹਾਨੂੰ ਪ੍ਰੈਕਟੀਕਲ ਵਿੱਚ ਗਿਆਨ ਅੰਮ੍ਰਿਤ ਮਿਲਦਾ ਹੈ, ਇਸ ਤੋਂ ਹੀ ਅੰਮ੍ਰਿਤਸਰ ਨਾਮ ਪਿਆ ਹੈ। ਬਾਕੀ ਤਾਲਾਬ ਤੇ ਅਜਿਹੇ ਬਹੁਤ ਹਨ। ਮਾਨਸਰੋਵਰ ਵੀ ਹੈ ਨਾ। ਮਾਨਸਰੋਵਰ, ਮਨੁੱਖਾਂ ਦਾ ਸਰੋਵਰ ਤਾਂ ਉਹ ਹੈ ਨਹੀਂ। ਇਹ ਹੈ ਗਿਆਨ ਅੰਮ੍ਰਿਤ ਦਾ ਸਰੋਵਰ, ਇਸ ਨੂੰ ਗਿਆਨ ਮਾਨ - ਸਰੋਵਰ ਵੀ ਕਿਹਾ ਜਾਂਦਾ ਹੈ। ਗਿਆਨ ਸਾਗਰ ਵੀ ਹੈ। ਕੋਈ ਨਦੀਆਂ ਹਨ, ਕੋਈ ਕੈਨਾਲਜ ਹਨ, ਕੋਈ ਟੁਬਕੇ ਹਨ। ਨੰਬਰਵਾਰ ਹਨ ਨਾ। ਬੱਚੇ ਸਮਝ ਗਏ ਹਨ, ਕਲਪ ਪਹਿਲੇ ਵੀ ਬਾਪ ਨੇ ਸਮਝਾਇਆ ਸੀ, ਹੁਣ ਫਿਰ ਸਮਝਾ ਰਹੇ ਹਨ। ਤੁਸੀਂ ਨਿਸ਼ਚੇ ਕਰਦੇ ਹੋ ਅਸੀ ਬਾਬਾ ਤੋਂ ਰਾਜਯੋਗ ਸਿੱਖ ਰਹੇ ਹਾਂ। ਜਿਸ ਨਾਲ ਕਲਪ ਪਹਿਲੇ ਵੀ ਅਸੀਂ ਸਵਰਗ ਦੇ ਮਾਲਿਕ ਬਣੇ ਸੀ। ਪ੍ਰਜਾ ਵੀ ਕਹੇਗੀ ਅਸੀਂ ਮਾਲਿਕ ਹਾਂ। ਭਾਰਤਵਾਸੀ ਕਹਿੰਦੇ ਹਨ ਨਾ ਸਾਡਾ ਭਾਰਤ ਸਭ ਤੋਂ ਉੱਚ ਸੀ। ਹੁਣ ਸਾਡਾ ਭਾਰਤ ਸਭ ਤੋਂ ਨੀਚ ਹੈ। ਸਾਡਾ ਭਾਰਤ ਬਹੁਤ ਸ੍ਰੇਸ਼ਠਾਚਾਰੀ ਸੀ, ਹੁਣ ਸਾਡਾ ਭਾਰਤ ਬਹੁਤ ਭ੍ਰਿਸ਼ਟਾਚਾਰੀ ਹੋ ਗਿਆ ਹੈ। ਹੋਰ ਕੋਈ ਖੰਡ ਦੇ ਲਈ ਇਵੇਂ ਨਹੀਂ ਕਹਾਂਗੇ। ਸਭ ਧਰਮ ਵਾਲੇ ਵੀ ਜਾਣਦੇ ਹਨ ਭਾਰਤ ਪ੍ਰਾਚੀਨ ਸੀ ਉਸ ਵੇਲੇ ਅਸੀਂ ਲੋਕ ਨਹੀਂ ਸੀ। ਸਤਿਯੁਗ ਵਿੱਚ ਸਿਰਫ ਭਾਰਤਵਾਸੀ ਹੀ ਹੋਣਗੇ। ਗਾਉਂਦੇ ਵੀ ਹਨ ਕਰਾਈਸਟ ਤੋਂ ਤਿੰਨ ਹਜਾਰ ਵਰ੍ਹੇ ਪਹਿਲੇ ਸਿਰਫ ਭਾਰਤ ਹੀ ਸੀ ਹੋਰ ਕੋਈ ਧਰਮ ਨਹੀਂ ਸੀ। ਨਵੀਂ ਦੁਨੀਆ ਵਿਚ ਨਵਾਂ ਭਾਰਤ ਸੀ। ਹੁਣ ਪੁਰਾਣਾ ਭਾਰਤ ਹੈ। ਭਾਰਤ ਹੇਵਿਨ ਸੀ। ਪ੍ਰੰਤੂ ਕਿਸੇ ਦੀ ਬੁੱਧੀ ਵਿੱਚ ਪੂਰਾ ਬੈਠਦਾ ਨਹੀਂ ਹੈ। ਇਹ ਤਾਂ ਬਹੁਤ ਸਹਿਜ ਸਮਝਣ ਦੀ ਗੱਲ ਹੈ। ਬਾਪ ਤੁਹਾਨੂੰ ਸਮਝਾ ਰਹੇ ਹਨ। ਤੁਸੀਂ ਪ੍ਰੈਕਟਿਕਲ ਵਿੱਚ ਕਰਤਵਿਆ ਕਰ ਰਹੇ ਹੋ। ਨੰਬਰਵਾਰ ਪੁਰਸ਼ਾਰਥ ਅਨੁਸਾਰ ਸੱਚਾ - ਸੱਚਾ ਵਿਆਸ ਬਣਨਾ ਹੈ। ਸੱਚੀ ਗੀਤਾ ਸੁਣਾਉਣੀ ਹੈ। ਤੁਹਾਨੂੰ ਕੋਈ ਪੁਸਤਕ ਆਦਿ ਤੇ ਹੱਥ ਵਿਚ ਫੜਨੀ ਨਹੀਂ ਹੈ। । ਤੁਸੀਂ ਤੇ ਰੂਪ ਬਸੰਤ ਹੋ। ਤੁਹਾਡੀ ਆਤਮਾ ਗੀਤਾ ਦਾ ਗਿਆਨ ਸੁਣਦੀ ਹੈ ਬਾਪ ਤੋਂ। ਤੁਹਾਡੀ ਬੁੱਧੀ ਵਿੱਚ ਇੱਕ ਹੀ ਬਾਪ ਹੈ ਹੋਰ ਕੋਈ ਗੁਰੂ ਗੋਸਾਈ, ਸਾਧੂ - ਸੰਤ ਆਦਿ ਤੁਹਾਡੀ ਬੁੱਧੀ ਵਿੱਚ ਨਹੀਂ ਹੈ। ਤੁਸੀਂ ਕਹੋਗੇ ਕਿ ਅਸੀਂ ਗਿਆਨ ਸਾਗਰ ਪਰਮਪਿਤਾ ਪਰਮਾਤਮਾ ਤੋਂ ਸੁਣਦੇ ਹਾਂ, ਜਿਸ ਨੂੰ ਹੀ ਸਤ ਸ੍ਰੀ ਅਕਾਲ ਕਿਹਾ ਜਾਂਦਾ ਹੈ। ਅੱਖਰ ਕਿੰਨਾਂ ਮਿੱਠਾ ਹੈ। ਅਕਾਲੀ ਲੋਕ ਬੜੀ ਜੋਰ ਨਾਲ ਕਹਿੰਦੇ ਹਨ ਸਤ ਸ੍ਰੀ ਆਕਾਲ...।

ਇੱਥੇ ਤੁਸੀਂ ਬੱਚੇ ਗਿਆਨ ਡਾਂਸ ਕਰਦੇ ਹੋ ਇਸਲਈ ਕਿਹਾ ਜਾਂਦਾ ਹੈ ਸੱਚ ਤਾਂ ਬੈਠੇ ਨੱਚ ( ਸੱਚੇ ਹੋ ਤਾਂ ਖੁਸ਼ੀ ਵਿੱਚ ਨੱਚਦੇ ਰਹੋ) ਫਿਰ ਤੁਸੀਂ ਉੱਥੇ ਜਾਕੇ ਰਾਸ - ਵਿਲਾਸ ਕਰੋਗੇ। ਮੀਰਾ ਵੀ ਧਿਆਨ ਵਿਚ ਰਾਸ ਆਦਿ ਕਰਦੀ ਸੀ। ਪ੍ਰੰਤੂ ਉਸਨੇ ਭਗਤੀ ਕੀਤੀ। ਤੁਸੀਂ ਕੋਈ ਭਗਤੀ ਨਹੀਂ ਕਰਦੇ ਹੋ। ਦਿਵਿਆ ਦ੍ਰਿਸ਼ਟੀ ਦਾਤਾ ਬਾਪ ਖੁਦ ਤੁਹਾਨੂੰ ਪੜ੍ਹਾ ਰਹੇ ਹਨ। ਬਹੁਤ ਬੱਚੇ ਸਾਖਸ਼ਾਤਕਾਰ ਕਰਦੇ ਰਹਿੰਦੇ ਹਨ ਤਾਂ ਮਨੁੱਖ ਸਮਝਦੇ ਹਨ - ਇਹ ਤਾਂ ਜਾਦੂ ਹੈ। ਬੱਚੇ ਪੜ੍ਹਾਈ ਵਿਚ ਘੁੰਮਦੇ - ਫਿਰਦੇ ਹਨ ਨਾ। ਤੁਹਾਡੇ ਲਈ ਵੀ ਇਹ ਖੇਲਪਾਲ਼ ਹੈ। ਇਹ ਕੋਈ ਸਬਜੈਕਟ ਨਹੀਂ, ਇਸ ਦੇ ਮਾਰਕਸ ਨਹੀਂ। ਖੇਲਣ - ਕੁੱਦਣ ਦੀ ਮਾਰਕਸ ਨਹੀਂ ਹੁੰਦੀ ਹੈ। ਇੱਥੇ ਵੀ ਜੋ ਇਸ ਖੇਲਪਾਲ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਗਿਆਨ ਦੇ ਮਾਰਕਸ ਨਹੀਂ ਮਿਲ ਸਕਦੇ। ਇਹ ਤਾਂ ਖੇਲਪਾਲ ਹੈ ਇਸ ਨੂੰ ਅਵਿਅਕਤ ਖੇਲ ਕਿਹਾ ਜਾਂਦਾ ਹੈ। ਉਹ ਵਿਅਕਤ ਖੇਲ, ਇਹ ਅਵਿਅਕਤ ਖੇਲ। ਰਾਸ ਆਦਿ ਕਰਨ ਵਾਲੇ ਨੂੰ ਮਾਰਕਸ ਨਹੀਂ ਮਿਲਦੀ ਇਸਲਈ ਬਾਬਾ ਕਹਿੰਦੇ ਹਨ ਧਿਆਨ ਨਾਲੋ ਗਿਆਨ ਚੰਗਾ ਹੈ, ਸ੍ਰੇਸ਼ਠ ਹੈ। ਧਿਆਨ ਤਾਂ ਸਿਰਫ ਐਮ ਸਬਜੈਕਟ ਦਾ ਸਾਖਸ਼ਾਤਕਾਰ ਹੈ। ਇਹ ਹੈ ਰਾਜਯੋਗ। ਐਮ ਆਬਜੈਕਟ ਬੁੱਧੀ ਵਿੱਚ ਹੈ। ਉਹ ਤਾਂ ਇਨ੍ਹਾਂ ਅੱਖਾਂ ਨਾਲ

ਵੇਖਦੇ ਹਨ - ਅਸੀਂ ਫਲਾਣਾ ਬਣਨਾ ਹੈ। ਇੱਥੇ ਤਾਂ ਇਹ ਤੁਹਾਡੀ ਹੈ ਭਵਿੱਖ ਦੀ ਐਮ ਆਬਜੈਕਟ। ਪ੍ਰਿੰਸ - ਪ੍ਰਿੰਸਜ਼ ਬਣਨਾ ਹੈ। ਫਿਰ ਤੁਸੀਂ ਮਹਾਰਾਜਾ - ਮਹਾਰਾਣੀ ਬਣਦੇ ਹੋ। ਬਿਗਰ ਐਮ ਆਬਜੈਕਟ ਜੇਕਰ ਕੋਈ ਕਾਲੇਜ ਵਿੱਚ ਬੈਠੇ ਤਾਂ ਉਨ੍ਹਾਂ ਨੂੰ ਕੀ ਕਹਾਂਗੇ? ਭਾਰਤ ਵਿਚ ਹੋਰ ਜੋ ਸਤਿਸੰਗ ਹਨ ਉਨ੍ਹਾਂ ਵਿਚ ਕੋਈ ਐਮ ਆਬਜੈਕਟ ਨਹੀਂ ਹੈ। ਇਸ ਨੂੰ ਯੂਨੀਵਰਸਟੀ ਵੀ ਕਹਿ ਸਕਦੇ ਹਾਂ, ਪਾਠਸ਼ਾਲਾ ਵੀ ਕਹਿ ਸਕਦੇ ਹਾਂ। ਸਤਿਸੰਗ ਨੂੰ ਕਦੇ ਪਾਠਸ਼ਾਲਾ ਨਹੀਂ ਕਿਹਾ ਜਾਂਦਾ।

ਤੁਸੀਂ ਬੱਚੇ ਜਾਣਦੇ ਹੋ ਅਸੀਂ ਪਤਿਤ - ਪਾਵਨ ਗੌਡ ਫਾਦਰਲੀ ਯੂਨੀਵਰਸਿਟੀ ਵਿੱਚ ਪੜਦੇ ਹਾਂ। ਸਾਰੀ ਯੂਨੀਵਰਸ ਨੂੰ ਤੁਸੀਂ ਪਵਿੱਤ੍ਰ

ਸਵਰਗ ਬਣਾਉਂਦੇ ਹੋ। ਆਪਣੇ ਲਈ ਹੀ ਇਸ ਯੂਨੀਵਰਸ ਨੂੰ ਸਵਰਗ ਬਣਾਉਂਦੇ ਹੋ, ਜੋ ਬਨਾਉਣਗੇ ਉਹ ਹੀ ਫਿਰ ਰਾਜ ਕਰਨਗੇ। ਇਵੇਂ ਤਾਂ ਨਹੀਂ, ਸਭ ਸਵਰਗ ਦੇ ਮਾਲਿਕ ਬਣਨਗੇ। ਜੋ ਪੂਰੇ ਨਰਕਵਾਸੀ ਹਨ, ਜਿਨ੍ਹਾਂ ਨੇ ਦਵਾਪਰ ਤੋਂ ਭਗਤੀ ਕੀਤੀ ਉਹ ਹੀ ਸਵਰਗਵਾਸੀ ਹੋਣਗੇ। ਬਾਕੀ ਸਭ ਮਨੁੱਖ ਸਰਸੋਂ ਮਿਸਲ ਪੀਸਕੇ ਖਤਮ ਹੋਣਗੇ, ਆਤਮਾਵਾਂ ਵਾਪਿਸ ਬਾਪ ਦੇ ਕੋਲ ਜਾਣਗੀਆਂ। ਕਿੰਨਾਂ ਵੱਡਾ ਵਿਨਾਸ਼ ਹੋਣਾ ਹੈ! ਹਾਲੇ ਤੇ ਬਹੁਤ ਪ੍ਰਜਾ ਹੈ। ਕਿੰਨਾਂ ਬੈਠ ਗਿਨੋਗੇ। ਏਕੁਰੇਟ ਗਿਣਤੀ ਕਰ ਨਹੀਂ ਸਕਦੇ। ਦੁਨੀਆ ਵਿਚ ਕਿੰਨੇ ਮਨੁੱਖ ਹਨ। ਇਹ ਸਭ ਖਤਮ ਹੋ ਜਾਣਗੇ। ਬੱਚਿਆਂ ਨੂੰ ਬਣੇਣ ਟ੍ਰੀ ਦਾ ਵੀ ਮਿਸਲ ਦੱਸਿਆ ਗਿਆ ਹੈ। ਕਲਕੱਤੇ ਵਿੱਚ ਬਹੁਤ ਵੱਡਾ ਝਾੜ ਹੈ, ਉਸ ਵਿੱਚ ਥੁੱਰ ( ਫਾਉਂਡੇਸ਼ਨ ) ਹੈ ਨਹੀਂ, ਬਾਕੀ ਸਾਰਾ ਝਾੜ ਖੜਾ ਹੈ। ਹੁਣ ਦੇਵੀ - ਦੇਵਤਾ ਧਰਮ ਵੀ ਹੈ ਪ੍ਰੰਤੂ ਉਨ੍ਹਾਂ ਦਾ ਨਾਮ ਪ੍ਰਾਯ ਲੋਪ ਹੋ ਗਿਆ ਹੈ। ਇਵੇਂ ਨਹੀਂ ਕਹਾਂਗੇ ਕਿ ਫਾਉਂਡੇਸ਼ਨ ਹੈ ਹੀ ਨਹੀਂ, ਸੜਿਆ ਹੋਇਆ ਵੀ ਕੁਝ ਨਾ ਕੁਝ ਨਿਸ਼ਾਨ ਤੇ ਰਹੇਗਾ ਨਾ। ਪ੍ਰਾਯ ਲੋਪ ਦਾ ਅਰਥ ਹੀ ਹੈ ਬਾਕੀ ਥੋੜ੍ਹਾ ਰਿਹਾ ਹੈ। ਚਿੱਤਰ ਹੈ। ਭਾਰਤ ਵਿਚ ਲਕਸ਼ਮੀ - ਨਾਰਾਇਣ ਰਾਜ ਕਰਦੇ ਸਨ। ਇਹ ਤਾਂ ਬੜਾ ਸਹਿਜ ਹੈ ਪ੍ਰੰਤੂ ਮਾਇਆ ਰਾਵਣ ਬੁੱਧੀ ਨੂੰ ਤਾਲਾ ਲਗਾ ਦਿੰਦੀ ਹੈ। ਪਰਮਪਿਤਾ ਪਰਮਾਤਮਾ ਹੈ ਬੁੱਧੀਵਾਨਾਂ ਦੀ ਬੁੱਧੀ। ਮਨੁੱਖਾਂ ਵਿੱਚ ਬੁੱਧੀ ਹੈ ਪ੍ਰੰਤੂ ਤਾਲਾ ਲੱਗਿਆ ਹੋਇਆ ਹੈ। ਪੱਥਰਬੁੱਧੀ ਹੋ ਗਏ ਹਨ। ਹੁਣ ਬਾਬਾ ਫਿਰ ਤੋਂ ਤੁਹਾਨੂੰ ਪਾਰਸਬੁੱਧੀ ਬਣਾਉਂਦੇ ਹਨ। ਆਤਮਾ ਨੂੰ ਬਣਾਉਂਦੇ ਹਨ। ਬੁੱਧੀ ਆਤਮਾ ਵਿਚ ਰਹਿੰਦੀ ਹੈ ਨਾ। ਕਿਹਾ ਜਾਂਦਾ ਹੈ ਨਾ - ਤੁਸੀਂ ਤਾਂ ਪੱਥਰਬੁੱਧੀ, ਭੈਂਸ ਬੁੱਧੀ ਹੋ। ਇੱਥੇ ਵੀ ਇਵੇਂ ਹੈ। ਕੁਝ ਵੀ ਸਮਝਾਓ ਤਾਂ ਸਮਝਦੇ ਨਹੀਂ, ਸ਼੍ਰੀਮਤ ਤੇ ਚਲਦੇ ਨਹੀਂ। ਸ਼੍ਰੀਮਤ ਤਾਂ ਸਦੇਵ ਕਹੇਗੀ - ਬੱਚੇ, ਅੰਨਿਆਂ ਦੀ ਲਾਠੀ ਬਣੋ। ਸੁਣਨਾ ਅਤੇ ਫਿਰ ਸੁਣਾਉਣਾ ਹੈ ਇਸਲਈ ਸਰਵਿਸ ਵਿਚ ਦੂਰ ਜਾਣਾ ਵੀ ਪੈਂਦਾ ਹੈ। ਇੱਕ ਜਗ੍ਹਾ ਬੈਠ ਤਾਂ ਨਹੀਂ ਜਾਣਾ ਹੈ।

ਹੁਣ ਤੁਸੀਂ ਗਿਆਨ ਅਤੇ ਯੋਗ ਸਿੱਖ ਰਹੇ ਹੋ। ਇੱਥੇ ਤੁਸੀਂ ਸ਼ਿਵਬਾਬਾ ਦੇ ਸਨਮੁੱਖ ਬੈਠੇ ਹੋ। ਸਹਿਜ ਰਾਜਯੋਗ ਸਿੱਖ ਰਹੇ ਹੋ - ਵਰਸਾ ਲੈਣ ਦੇ ਲਈ। ਤੁਸੀਂ ਆਏ ਹੋ ਵਿਸ਼ਨੂੰਪੁਰੀ ਦੀ ਰਾਜਧਾਨੀ ਲੈਣ ਦੇ ਲਈ। ਵਿਸ਼ਨੂੰ ਦੀ ਵਿਜੇ ਮਾਲਾ ਬਣੇਗੀ। ਹੁਣ ਤੁਸੀਂ ਡਰਾਮੇ ਦੇ ਰਾਜ਼ ਨੂੰ ਚੰਗੀ ਤਰ੍ਹਾਂ ਸਮਝ ਗਏ ਹੋ। ਤੁਸੀਂ ਜਾਣਦੇ ਹੋ ਬਰੋਬਰ ਡੀਟੀ. ਸਵਰਾਂਟੀ ਸੀ। ਸਤਿਯੁਗ ਆਦਿ ਵਿੱਚ ਰਾਜਾ - ਰਾਣੀ ਸਨ। ਹੁਣ ਕਲਯੁੱਗ ਅੰਤ ਵਿਚ ਤੇ ਰਾਜਾ - ਰਾਣੀ ਕੋਈ ਵੀ ਕਹਿਲਾ ਨਹੀਂ ਸਕਦੇ। ਪ੍ਰੰਤੂ ਗੌਰਮਿੰਟ ਨੂੰ ਮਦਦ ਕਰਦੇ ਹਨ ਤਾਂ ਫਿਰ ਮਹਾਰਾਜਾ ਦਾ ਟਾਈਟਿਲ਼ ਮਿਲ ਜਾਂਦਾ ਹੈ। ਉਹ ਗੌਰਮਿੰਟ ਵੀ ਟਾਈਟਲ ਦਿੰਦੀ ਸੀ ਰਾਏ ਸਾਹਿਬ, ਰਾਏ ਬਹਾਦੁਰ ਆਦਿ। ਹੁਣ ਤਾਂ ਤੁਹਾਨੂੰ ਵੱਡਾ ਟਾਈਟਲ ਮਿਲ ਰਿਹਾ ਹੈ ਪ੍ਰੈਕਟਿਕਲ ਵਿੱਚ। ਤੁਸੀਂ ਹਰ ਹੋਲੀਨੇਸ, ਹਿਜ਼ ਹੋਲੀਂਨੇਸ ਮਹਾਰਾਜਾ - ਮਹਾਰਾਣੀ ਬਣੋਗੇ। ਤੁਹਾਡੇ ਤੇ ਡਬਲ ਤਾਜ ਹਨ। ਪਹਿਲੇ ਹੁੰਦਾ ਹੈ ਹੋਲੀ ਰਾਜ ਫਿਰ ਅਨਹੋਲੀ ਰਾਜ। ਹੁਣ ਫਿਰ ਅਨਹੋਲੀ, ਨੋ ਰਾਜ। ਪ੍ਰਜਾ ਦਾ ਪ੍ਰਜਾ ਤੇ ਰਾਜ ਹੈ। ਡਰਾਮੇ ਨੂੰ ਸਮਝਣਾ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਰੋਜ਼ ਗਿਆਨ ਅੰਮ੍ਰਿਤ ਦੇ ਮਾਨ - ਸਰੋਵਰ ਵਿੱਚ ਸਨਾਨ ਕਰ ਆਤਮਾ ਅਤੇ ਸ਼ਰੀਰ ਦੋਵਾਂ ਨੂੰ ਪਾਵਨ ਬਨਾਉਣਾ ਹੈ। ਮਾਇਆ ਦੀ ਮਤ ਛੱਡ ਬਾਪ ਦੀ ਮਤ ਤੇ ਚਲਣਾ ਹੈ।

2. ਇਹ ਅਮੁੱਲ ਸੰਗਮ ਦਾ ਸਮੇਂ ਹੈ, ਇਸ ਸਮੇਂ ਸ਼੍ਰੀਮਤ ਤੇ ਚਲ ਸਰਵਿਸ ਕਰਨੀ ਹੈ। ਸੱਚਾ ਬਣ ਸੱਚੀ ਗੀਤਾ ਸੁਨਣੀ ਅਤੇ ਸੁਨਾਉਣੀ ਹੈ। ਰੂਪ - ਬਸੰਤ ਬਣਨਾ ਹੈ।

ਵਰਦਾਨ:- ਅਨੇਕ ਤਰ੍ਹਾਂ ਦੀ ਅੱਗ ਤੋਂ ਬਚਣ ਅਤੇ ਸਰਵ ਨੂੰ ਬਚਾਉਣ ਵਾਲੇ ਸੱਚੇ ਰਹਿਮਦਿਲ ਭਵ

ਅੱਜ ਦਾ ਮਾਨਵ ਅਨੇਕ ਤਰ੍ਹਾਂ ਦੀ ਅੱਗ ਵਿਚ ਸੜ ਰਿਹਾ ਹੈ, ਅਨੇਕ ਤਰ੍ਹਾਂ ਦੇ ਦੁੱਖ, ਚਿੰਤਾਵਾਂ, ਸਮੱਸਿਆਵਾਂ... ਵੱਖ - ਵੱਖ ਤਰ੍ਹਾਂ ਦੀ ਇਹ ਚੋਟ ਜੋ ਆਤਮਾਵਾਂ ਨੂੰ ਲਗਦੀ ਹੈ, ਇਹ ਅਗਨੀ ਜਿਉਂਦੇ ਹੋਏ ਜਲਨ ਦਾ ਅਨੁਭਵ ਕਰਾਉਂਦੀ ਹੈ। ਲੇਕਿਨ ਤੁਸੀਂ ਅਜਿਹੇ ਜੀਵਨ ਤੋਂ ਨਿਕਲ ਸ੍ਰੇਸ਼ਠ ਜੀਵਨ ਵਿਚ ਆ ਗਏ, ਤੁਸੀਂ ਸ਼ੀਤਲ ਸਾਗਰ ਦੇ ਕੰਠੇ ਤੇ ਬੈਠੇ ਹੋ। ਅਤਿੰਦ੍ਰਿਯ ਸੁਖ, ਸ਼ਾਂਤੀ ਦੀ ਪ੍ਰਾਪਤੀ ਵਿੱਚ ਸਮਾਏ ਹੋਏ ਹੋ, ਤਾਂ ਰਹਿਮਦਿਲ ਬਣ ਦੂਜੀਆਂ ਆਤਮਾਵਾਂ ਨੂੰ ਵੀ ਅਨੇਕ ਤਰ੍ਹਾਂ ਦੀ ਅੱਗ ਤੋਂ ਬਚਾਓ। ਗਲੀ - ਗਲੀ ਵਿਚ ਗਿਆਨ ਸਥਾਨ ਬਣਾਕੇ ਸਭ ਨੂੰ ਠਿਕਾਣਾ ਦਵੋ।

ਸਲੋਗਨ:- ਜਿਨ੍ਹਾਂ ਦੀ ਇੱਕ ਬਾਪ ਨਾਲ ਸੱਚੀ ਪ੍ਰੀਤ ਹੈ ਉਨ੍ਹਾਂ ਨੂੰ ਅਸ਼ਰੀਰੀ ਬਣਨਾ ਸਹਿਜ ਹੈ।

******